# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 19-06-2024**

ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਕਿਹਾ ਏ, ਕਿ ਸੂਚਨਾ ਸ਼ਕਤੀ ਏ ਅਤੇ ਜਾਅਲੀ ਖ਼ਬਰਾਂ ਅਣ-ਕਲਪਨਾਯੋਗ ਅਨੁਪਾਤ ਦੀ ਤਬਾਹੀ ਪੈਦਾ ਕਰ ਸਕਦੀਆਂ ਨੇ । ਕੱਲ੍ਹ ਨਵੀਂ ਦਿੱਲੀ ਵਿੱਚ ਭਾਰਤੀ ਸੂਚਨਾ ਸੇਵਾ ਆਈ. ਆਈ. ਐਸ. ਦੇ 2022 ਅਤੇ 2023 ਬੈਚਾਂ ਦੇ ਅਫ਼ਸਰ ਸਿਖਿਆਰਥੀਆਂ ਨੂੰ ਸੰਬੋਧਨ ਕਰਦਿਆਂ, ਸ਼੍ਰੀ ਧਨਖੜ ਨੇ ਕਿਹਾ ਕਿ ਸੰਚਾਰਕ ਵਜੋਂ, ਆਈ. ਆਈ. ਐਸ. ਅਧਿਕਾਰੀ ਜਨਤਕ ਭਰੋਸੇ ਦੇ ਰਖਵਾਲੇ ਹੁੰਦੇ ਨੇ । ਭਾਰਤੀ ਲੋਕਤੰਤਰ ਦੀ ਸਥਿਰਤਾ ਅਤੇ ਪਰਿਪੱਕਤਾ ਬਾਰੇ ਗੱਲ ਕਰਦਿਆਂ, ਉਪ ਰਾਸ਼ਟਰਪਤੀ ਨੇ ਕਿਹਾ ਕਿ ਭਾਰਤ ਨੇ ਇਸ ਚੋਣ ਵਿੱਚ 64 ਕਰੋੜ 20 ਲੱਖ ਵੋਟਰਾਂ ਨਾਲ ਇੱਕ ਵਿਸ਼ਵ ਰਿਕਾਰਡ ਬਣਾਇਆ ਗਿਆ ਏ, ਜਿਹੜੀ ਕਿ ਵਿਸ਼ਵ ਵਿੱਚ ਹੁਣ ਤੱਕ ਦੀ ਸਭ ਤੋਂ ਵੱਧ ਵੋਟਿੰਗ ਏ ।

-----------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ 30 ਜੂਨ ਨੂੰ ਆਕਾਸ਼ਵਾਣੀ 'ਤੇ 'ਮਨ ਕੀ ਬਾਤ' ਪ੍ਰੋਗਰਾਮ 'ਚ, ਦੇਸ਼ ਵਿਦੇਸ਼ ਦੇ ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕਰਨਗੇ। ਸ੍ਰੀ ਮੋਦੀ ਦੇ ਲਗਾਤਾਰ ਤੀਜੀ ਵਾਰ ਪ੍ਰਧਾਨ ਮੰਤਰੀ ਚੁਣੇ ਜਾਣ ਤੋਂ ਬਾਅਦ, ਇਹ ਪਹਿਲਾ ਮਨ ਕੀ ਬਾਤ ਪ੍ਰੋਗਰਾਮ ਹੋਵੇਗਾ। ਟੋਲ ਫਰੀ ਨੰਬਰ 1800 -11- 7800 ਤੇ ਫੋਨ ਕਰਕੇ ਆਪਣੇ ਵਿਚਾਰ ਅਤੇ ਸੁਝਾਅ ਭੇਜੇ ਜਾ ਸਕਦੇ ਨੇ। ਨਰੇਂਦਰ ਮੋਦੀ ਐਪ ਜਾਂ MyGOV ਓਪਨ ਫੋਰਮ 'ਤੇ ਵੀ ਸੁਝਾਅ ਆਨਲਾਈਨ ਦਿੱਤੇ ਜਾ ਸਕਦੇ ਨੇ। 28 ਜੂਨ ਤੱਕ ਭੇਜੇ ਗਏ ਸੁਝਾਵਾਂ ਅਤੇ ਵਿਚਾਰਾਂ ਨੂੰ ਪ੍ਰੋਗਰਾਮ ਵਿੱਚ ਸ਼ਾਮਲ ਕੀਤਾ ਜਾਵੇਗਾ।

-----------------------------------------------------------

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ, ਭਾਰਤੀ ਫੌਜ ਵਿੱਚ ਡਿਊਟੀ ਦੌਰਾਨ ਸ਼ਹੀਦੀ ਪ੍ਰਾਪਤ ਕਰਨ ਵਾਲੇ ਮੂਨਕ ਦੇ ਪਿੰਡ ਡੂਡੀਆਂ ਦੇ ਵਸਨੀਕ ਸ਼ਹੀਦ ਨਾਇਕ ਸੁਰਿੰਦਰ ਸਿੰਘ ਦੇ ਪਰਿਵਾਰ ਨੂੰ ਵਿੱਤੀ ਸਹਾਇਤਾ ਵਜੋਂ ਕਲ ਇਕ ਕਰੋੜ ਰੁਪਏ ਦਾ ਚੈੱਕ ਸੌਂਪਿਆ। ਇਸ ਮੌਕੇ

ਉਨਾਂ ਕਿਹਾ ਕਿ ਨਾਇਕ ਸੁਰਿੰਦਰ ਸਿੰਘ ਨੇ ਆਪਣੀ ਮਾਤ ਭੂਮੀ ਦੀ ਸੇਵਾ ਕਰਦਿਆਂ, ਸ਼ਹੀਦੀ ਪ੍ਰਾਪਤ ਕੀਤੀ ਏ ਅਤੇ ਇਸ ਸਪੂਤ ਵੱਲੋਂ ਦੇਸ਼ ਲਈ ਦਿੱਤੀ ਮਹਾਨ ਕੁਰਬਾਨੀ ਦੇ ਸਨਮਾਨ ਵਜੋਂ, ਪਰਿਵਾਰ ਨੂੰ ਇਹ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਏ। ਉਨ੍ਹਾਂ ਦੱਸਿਆ ਕਿ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਕਾਰਨ, ਉਹ ਪਰਿਵਾਰ ਨੂੰ ਪਹਿਲਾਂ ਇਹ ਚੈੱਕ ਨਹੀਂ ਸੌਂਪ ਸਕੇ।

---------------------------------------------------------------

ਪਿਛਲੇ ਸਾਲਾਂ ਵਾਂਗ, ਇਸ ਵਾਰ ਵੀ 21 ਜੂਨ ਨੂੰ ਆ ਰਹੇ ਕੌਮਾਂਤਰੀ ਯੋਗ ਦਿਵਸ ਨੂੰ ਲੈ ਕੇ ਸੂਬੇ ਭਰ ਦੇ ਲੋਕਾਂ ਵਿਚ ਬਹੁਤ ਹੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਏ। ਆਮ ਲੋਕ ਯੋਗ ਨੂੰ ਰੋਜ਼ਾਨਾ ਜੀਵਨ ਦਾ ਹਿੱਸਾ ਬਣਾ ਕੇ ਜ਼ਿੰਦਗੀ ਨੂੰ ਸੁਖਾਲਾ ਬਣਾ ਰਹੇ ਨੇ ਅਤੇ ਹੋਰਨਾਂ ਨੂੰ ਵੀ ਅਜਿਹਾ ਹੀ ਕਰਨ ਦੀ ਅਪੀਲ ਕਰ ਰਹੇ ਨੇ। ਸਾਡੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੁਸ਼ਿਆਰਪੁਰ, ਮਾਨਸਾ ਅਤੇ ਮੋਗਾ ਦੇ ਵਸਨੀਕਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ।

---

ਦੇਸ਼ ਵਿਚ ਗੁਲਾਮੀ ਰਾਜ ਸਮੇਂ ਸਾਲ 1872 ਵਿਚ ਬਣੇ ਤਿੰਨ ਕਾਨੂੰਨਾਂ ਦੀ ਪਹਿਲੀ ਜੁਲਾਈ ਨੂੰ ਵਿਦਾਇਗੀ ਹੋ ਜਾਵੇਗੀ। ਇੰਨ੍ਹਾ ਦੀ ਥਾਂ ਸਮੇਂ ਮੁਤਾਬਿਕ ਬਣਾਏ ਨਵੇਂ ਕਾਨੂੰਨ ਲਾਗੂ ਹੋ ਜਾਣਗੇ।

*ਹੋਰ ਵੇਰਵੇ ਨਾਲ ਇਹ ਰਿਪੋਰਟ : ਡਿਸਪੈਚ: ਤਿੰਨ ਨਵੇਂ ਕਾਨੂੰਨ ਭਾਰਤੀ ਨਿਆਏ ਸੰਹਿਤਾ, ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ ਅਤੇ ਭਾਰਤੀ ਸਾਕਸ਼ਯ ਐਕਟ ਬਸਤੀਵਾਦੀ ਯੁਗ ਦੇ ਇੰਡੀਅਨ ਪੀਨਲ ਕੋਡ, ਕੋਡ ਆਫ ਕਰਿਮੀਨਲ ਪ੍ਰੋਸੀਜ਼ਰ ਅਤੇ ਇੰਡੀਅਨ ਐਵੀਡੈਂਸ ਐਕਟ ਦੀ ਥਾਂ ਲੈਣਗੇ। ਇਨਾਂ ਕਾਨੂੰਨਾਂ ਦਾ ਮਕਸਦ ਵੱਖ ਵੱਖ ਜੁਰਮਾਂ ਨੂੰ ਪਰਿਭਾਸ਼ਤ ਕਰਕੇ ਉਨ੍ਹਾਂ ਲਈ ਸਜ਼ਾ ਤੈਅ ਕਰਨਾ ਅਤੇ ਦੇਸ਼ ’ਚ ਅਪਰਾਧਿਕ ਨਿਆਂ ਪ੍ਰਣਾਲੀ ਨੂੰ ਬਦਲਣਾ ਏ। ਜਿਹੜੀਆਂ ਧਾਰਾਵਾਂ ਜੁਰਮ ਦੀ ਪਛਾਣ ਬਣ ਚੁੱਕੀਆ ਸਨ, ਨਵੇਂ ਕਾਨੂੰਨ ਲਾਗੂ ਹੋਣ ਤੋ ਬਾਅਦ ਉਨ੍ਹਾ ਵਿਚ ਵੀ ਬਦਲਾਅ ਹੋਵੇਗਾ। ਜਿਵੇਂ ਕਿ ਕਤਲ ਲਈ ਲਾਈ ਜਾਂਦੀ ਆਈ ਪੀ ਸੀ ਦੀ ਧਾਰਾ 302 ਹੁਣ ਧਾਰਾ 101 ਵਜੋਂ ਜਾਣੀ ਜਾਵੇਗੀ, ਠੱਗੀ ਲਈ ਲਾਈ ਜਾਂਦੀ ਧਾਰਾ 420 ਹੁਣ*

*ਧਾਰਾ 316 ਹੋਵੇਗੀ ਜਦਕਿ ਜ਼ਬਰ ਜਿਨਾਹ ਵਾਲੀ ਧਾਰਾ 376 ਹੁਣ ਧਾਰਾ 63 ਹੋਵੇਗੀ। ਭਾਰਤੀ ਨਿਆ ਸਹਿੰਤਾ ਵਿੱਚ ਇਹ ਤੈਅ ਹੋਵੇਗਾ ਕਿ ਕਿਹੜਾ ਕੰਮ ਜੁਰਮ ਏ ਅਤੇ ਉਸ ਲਈ ਕੀ ਸਜ਼ਾ ਹੋਵੇਗੀ। ਆਈ ਪੀ ਸੀ ਦੀਆਂ 511 ਧਰਾਵਾਂ ਦੇ ਮੁਕਾਬਲੇ ਨਵੀਂ ਭਾਰਤੀ ਨਿਆਏ ਸਹਿੰਤਾ ਵਿੱਚ 358 ਧਰਾਵਾਂ ਹੋਣਗੀਆਂ, 21 ਨਵੇਂ ਜੁਰਮਾਂ ਨੂੰ ਇਸ ਵਿੱਚ ਸ਼ਾਮਿਲ ਕੀਤਾ ਗਿਆ ਏ। ਇਸੇ ਤਰਾਂ ਨਾਲ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਵਿੱਚ 531 ਧਾਰਾਵਾਂ ਹੋਣਗੀਆਂ। ਇਸ ਵਿਚ ਪੁਰਾਣੇ ਕ਼ਾਨੂਨ ਦੀਆਂ 177 ਧਾਰਾਵਾਂ ਨੂੰ ਬਦਲਿਆ ਗਿਆ ਏ ਅਤੇ ਨੌ ਨਵੀਆਂ ਧਾਰਾਵਾਂ ਜੋੜ ਕੇ 14 ਧਰਾਵਾਂ ਖਤਮ ਵੀ ਕੀਤੀਆਂ ਗਈਆਂ ਨੇ। ਅੱਤਵਾਦ, ਮੌਬ-ਲਿੰਚਿੰਗ ਅਤੇ ਕੌਮੀ ਸੁਰੱਖਿਆ ਖਤਰੇ ਵਿੱਚ ਪਾਉਣ ਵਾਲੇ ਜੁਰਮਾਂ ਲਈ ਸਜ਼ਾ ਹੋਰ ਸਖਤ ਕੀਤੀ ਗਈ ਏ। ਯਕੀਨਨ ਇਸ ਨਾਲ ਮੌਜੂਦਾ ਨਿਯਾ ਪ੍ਰਣਾਲੀ ਹੋਰ ਵਧੇਰੇ ਮਜਬੂਤ ਹੋਵੇਗੀ। ਸ਼ਿਸ਼ੂ ਸ਼ਰਮਾ ਸ਼ਾਂਤਲ, ਆਕਾਸ਼ਵਾਣੀ ਸਮਾਚਾਰ, ਜਲੰਧਰ।*

--------------------------------------------------

ਇਸ ਦੌਰਾਨ ਪਟਿਆਲਾ ਜਿਲੇ ਤੋਂ ਕ਼ਾਨੂਨ ਖੇਤਰ ਨਾਲ ਜੁੜੇ ਮਾਹਰ ਇਨਾਂ ਕਾਨੂੰਨਾਂ ਨੂੰ ਕਾਫੀ ਫਾਇਦੇਮੰਦ ਦੱਸਦੇ ਨੇ।

--------------------------------------------------

ਮਰਦਾਂ ਦੇ ਆਈ. ਸੀ. ਸੀ. ਟੀ - 20 ਕ੍ਰਿਕਟ ਵਿਸ਼ਵ ਕੱਪ ਵਿੱਚ, ਅੱਜ ਸੁਪਰ 8 ਦੌਰ ਸ਼ੁਰੂ ਹੋ ਰਿਹਾ ਏ। ਇਸ ਦੌਰ ਦੇ ਸਾਰੇ ਮੈਚ ਵੈਸਟਇੰਡੀਜ਼ ਵਿਚ ਖੇਡੇ ਜਾਣਗੇ। ਸਰ ਵਿਵਿਅਨ ਰਿਚਰਡਸ ਸਟੇਡੀਅਮ ਵਿਚ ਅੱਜ ਪਹਿਲਾ ਸੁਪਰ 8 ਮੈਚ ਅਮਰੀਕਾ ਅਤੇ ਦੱਖਣੀ ਅਫਰੀਕਾ ਵਿਚਾਲੇ ਖੇਡਿਆ ਜਾਵੇਗਾ । ਭਾਰਤ ਭਲਕੇ ਆਪਣਾ ਪਹਿਲਾ ਮੈਚ ਅਫਗਾਨਿਸਤਾਨ ਨਾਲ ਖੇਡੇਗਾ । ਇਸ ਪੜਾਅ ਲਈ ਅੱਠ ਟੀਮਾਂ ਨੇ ਕੁਆਲੀਫਾਈ ਕੀਤਾ ਏ । ਪਹਿਲੇ ਗਰੁੱਪ ਵਿੱਚ ਭਾਰਤ, ਆਸਟਰੇਲੀਆ, ਬੰਗਲਾਦੇਸ਼ ਅਤੇ ਅਫਗਾਨਿਸਤਾਨ ਸ਼ਾਮਲ ਨੇ ਜਦਕਿ ਦੂਜੇ ਗਰੁੱਪ ਵਿੱਚ ਅਮਰੀਕਾ, ਇੰਗਲੈਂਡ, ਵੈਸਟਇੰਡੀਜ਼ ਅਤੇ ਦੱਖਣੀ ਅਫਰੀਕਾ ਸ਼ਾਮਲ ਨੇ । ਹਰੇਕ ਗਰੁੱਪ ਵਿੱਚੋਂ ਚੋਟੀ ਦੀਆਂ ਦੋ ਟੀਮਾਂ ਸੈਮੀਫਾਈਨਲ ਲਈ ਕੁਆਲੀਫਾਈ ਕਰਨਗੀਆਂ । ਟੀਮਾਂ ਨੂੰ

ਸੁਪਰ-8 ਵਿੱਚ ਤਿੰਨ ਮੈਚ ਖੇਡਣੇ ਨੇ ਅਤੇ ਸੈਮੀਫਾਈਨਲ ਵਿੱਚ ਪਹੁੰਚਣ ਲਈ ਦੋ ਮੈਚ ਜਿੱਤਣੇ ਜਰੂਰੀ ਨੇ। ਫਾਈਨਲ 29 ਜੂਨ ਨੂੰ ਬਾਰ-ਬਾਡੋਸ ਵਿੱਚ ਖੇਡਿਆ ਜਾਵੇਗਾ।